Australian Government

Punjabi


H5 ਬਰਡ ਫ਼ਲੂਅ ਸਾਡੇ ਜੰਗਲੀ ਜੀਵਾਂ ਨੂੰ ਕਿਵੇਂ ਪ੍ਰਭਾਵਿਤ ਕਰ ਸਕਦਾ ਹੈ

H5 ਬਰਡ ਫ਼ਲੂਅ, ਬਰਡ ਫ਼ਲੂਅ ਦੀ ਸਭ ਤੋਂ ਗੰਭੀਰ ਕਿਸਮ ਹੈ। ਸ਼ੁਰੂਆਤੀ ਕਾਰਵਾਈ ਸਾਡੇ ਜੰਗਲੀ ਜੀਵਾਂ ਅਤੇ ਕੁਦਰਤੀ ਵਾਤਾਵਰਣ 'ਤੇ ਪ੍ਰਭਾਵਾਂ ਨੂੰ ਘਟਾਉਣ ਵਿੱਚ ਸਹਾਇਤਾ ਕਰਦੀ ਹੈ।




ਜੇ H5 ਬਰਡ ਫ਼ਲੂਅ ਆਸਟ੍ਰੇਲੀਆ ਵਿੱਚ ਫੈਲ ਜਾਂਦਾ ਹੈ।


ਇਹ ਪੰਛੀਆਂ ਅਤੇ ਥਣਧਾਰੀ ਜਾਨਵਰਾਂ ਵਿੱਚ ਫੈਲ ਸਕਦਾ ਹੈ।



ਇਹ ਉਨ੍ਹਾਂ ਪੰਛੀਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ, ਜੋ ਅਸੀਂ ਹਰ ਸਮੇਂ ਵੇਖਦੇ ਹਾਂ, ਜਿਵੇਂ ਕਿ ਸੀਗਲ ਅਤੇ ਹੰਸ।



ਕੁਝ ਦੇਸੀ ਜਾਤੀਆਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੀਆਂ ਹਨ, ਖ਼ਾਸਕਰ ਜੇ ਉਹ ਪਹਿਲਾਂ ਹੀ ਖ਼ਤਰੇ ਵਿੱਚ ਹਨ, ਜਿਵੇਂ ਕਿ ਤਸਮਾਨੀਅਨ ਡੈਵਿਲ ਅਤੇ ਕਵੋਲ।



ਕੁਝ ਜੰਗਲੀ ਜੀਵਾਂ ਦੀ ਆਬਾਦੀ **ਬਹੁਤ ਜ਼ਿਆਦਾ ਘੱਟ ਸਕਦੀ ਹੈ**, ਜੋ ਵਾਤਾਵਰਣ ਦੀਆਂ ਪ੍ਰਣਾਲੀਆਂ ਅਤੇ ਜੈਵ-ਵਿਭਿੰਨਤਾ ਨੂੰ ਪ੍ਰਭਾਵਿਤ ਕਰਦੀ ਹੈ।

ਹਰ ਕੋਈ ਮਦਦ ਕਰ ਸਕਦਾ ਹੈ



ਕੁੱਤਿਆਂ ਨੂੰ ਪਟਾ ਪਾ ਕੇ ਅਤੇ ਬਿੱਲੀਆਂ ਨੂੰ ਤਾੜ ਕੇ ਰੱਖੋ, ਖ਼ਾਸ ਕਰਕੇ ਜੰਗਲੀ ਜੀਵਾਂ ਦੇ ਨੇੜੇ।



ਮਰੇ ਹੋਏ ਪੰਛੀਆਂ ਜਾਂ ਹੋਰ ਜੰਗਲੀ ਜੀਵਾਂ ਨੂੰ ਨਾ ਛੂਹੋ ਜਾਂ ਉਨ੍ਹਾਂ ਨੂੰ ਹਿਲਾਓ ਨਾ।



ਬਿਮਾਰ ਜਾਂ ਮਰੇ ਹੋਏ ਜੰਗਲੀ ਜੀਵਾਂ ਦੇ ਝੁੰਡਾਂ ਦੀ ਰਿਪੋਰਟ ਕਰੋ।

birdflu.gov.au

'ਤੇ ਹੋਰ ਜਾਣਕਾਰੀ ਲਓ, ਜਾਂ QR ਕੋਡ ਨੂੰ ਸਕੈਨ ਕਰੋ।

ਜੇ ਤੁਸੀਂ ਬਿਮਾਰ ਜਾਂ ਮਰੇ ਹੋਏ ਜਾਨਵਰਾਂ ਦੇ ਝੁੰਡਾਂ ਨੂੰ ਵੇਖਦੇ ਹੋ, ਤਾਂ ਉਨ੍ਹਾਂ ਤੋਂ **ਦੂਰ ਰਹੋ**, **ਰਿਕਾਰਡ ਕਰੋ** ਅਤੇ ਐਮਰਜੈਂਸੀ ਐਨੀਮਲ ਡਿਜ਼ੀਜ਼ ਹੌਟਲਾਈਨ 1800 675 888 ਨੂੰ **ਰਿਪੋਰਟ ਕਰੋ।**

1800 675 888